# ਅੰਮ੍ਰਿਤਸਰ 'ਚ ਨਾਜਾਇਜ਼ ਜ਼ਮੀਨਾਂ 'ਤੇ ਕਬਜ਼ੇ ਦਿਵਾਉਣ ਵਾਲੇ ਗਿਰੋਹ ਦਾ ਪਰਦਾਫਾਸ਼, 16 ਗ੍ਰਿਫਤਾਰ

**7 ਰਾਈਫਲਾਂ, 7 ਪਿਸਤੌਲਾਂ, 14 ਮੈਗਜ਼ੀਨ ਅਤੇ 3 ਗੱਡੀਆਂ ਬਰਾਮਦ**

ਅੰਮ੍ਰਿਤਸਰ, 9 ਅਪ੍ਰੈਲ (ਜਸ਼ਨ)- ਅੰਮ੍ਰਿਤਸਰ ਦਿਹਾਤੀ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ, ਜਦੋਂ ਬਿਆਸ ਇਲਾਕੇ 'ਚ 16 ਮੈਂਬਰੀ ਗਿਰੋਹ ਨੂੰ ਗ੍ਰਿਫਤਾਰ ਕਰਦਿਆਂ ਉਨ੍ਹਾਂ ਤੋਂ ਵੱਡੀ ਤਾਦਾਦ 'ਚ ਵੱਖ-ਵੱਖ ਹਥਿਆਰਾਂ ਤੇ ਕਾਰਾਂ ਨੂੰ ਬਰਾਮਦ ਕੀਤਾ। ਇਹ ਗਿਰੋਹ ਵੱਖ-ਵੱਖ ਇਲਾਕਿਆਂ 'ਚ ਲੁੱਟ-ਖੋਹ ਦੀਆਂ ਵਾਰਦਾਤਾਂ ਦੇਣ ਤੋਂ ਇਲਾਵਾ ਹਥਿਆਰਾਂ ਦੇ ਜ਼ੋਰ 'ਤੇ ਖਾਲੀ ਪਈ ਕੋਠੀਆਂ 'ਤੇ ਵੀ ਕਬਜ਼ਾ ਕਰਦੇ ਸਨ।

ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਬਲਵਿੰਦਰ ਸਿੰਘ ਵਾਸੀ ਸਠਿਆਲਾ, ਪ੍ਰਭਜੋਤ ਸਿੰਘ ਵਾਸੀ ਸ਼ੇਰੋ ਬਾਘਾ, ਜਰਮਨਜੀਤ ਸਿੰਘ ਵਾਸੀ ਜਵੰਦਪੁਰ, ਗੁਰਦੀਪ ਸਿੰਘ ਵਾਸੀ ਸਠਿਆਲਾ, ਗੁਰਪ੍ਰੀਤ ਸਿੰਘ ਵਾਸੀ ਬੱਲ ਸਰਾਂ, ਨਵਦੀਪ ਵਾਸੀ ਕੋਟ ਮਹਿਤਾਬ, ਰੁਪਿੰਦਰ ਸਿੰਘ ਵਾਸੀ ਫਾਜ਼ਲਪੁਰ, ਮਨਜਿੰਦਰ ਸਿੰਘ ਵਾਸੀ ਧਰਦਿਓ, ਰਣਜੀਤ ਸਿੰਘ ਵਾਸੀ ਸਠਿਆਲਾ, ਗਗਨਦੀਪ ਸਿੰਘ ਵਾਸੀ ਟਾਂਗਰਾ, ਮਨਪ੍ਰੀਤ ਸਿੰਘ ਵਾਸੀ ਚੰਬਲ, ਗੁਰਪ੍ਰੀਤ ਸਿੰਘ ਵਾਸੀ ਸਠਿਆਲਾ, ਰਵਿੰਦਰ ਸਿੰਘ ਵੇਰਕਾ, ਗੁਰਪ੍ਰੀਤ ਸਿੰਘ ਵਾਸੀ ਮਾਨਾਵਾਲਾ ਕਲਾਂ, ਬੇਅੰਤ ਸਿੰਘ ਵਾਸੀ ਕੋਟਲਾ ਬਥੁਨਗੜ੍ਹ, ਵਿਜੇ ਵਾਸੀ ਅਬੋਹਰ ਵਜੋਂ ਹੋਈ ਹੈ, ਜਿਨ੍ਹਾਂ ਕੋਲੋਂ 7 ਰਾਈਫਲਾਂ, 7 ਪਿਸਟਲ, 14 ਮੈਗਜ਼ੀਨ ਤੇ 3 ਕਾਰਾਂ ਬਰਾਮਦ ਕੀਤੀਆਂ ਗਈਆਂ ਹਨ।




ਗ੍ਰਿਫਤਾਰ ਕੀਤੇ ਗਿਰੋਹ ਬਾਰੇ ਜਾਣਕਾਰੀ ਦਿੰਦੇ ਹੋਏ ਐੱਸ. ਪੀ. (ਡੀ) ਮਨੋਜ ਠਾਕੁਰ, ਐੱਸ. ਪੀ. ਜਗਜੀਤ ਸਿੰਘ ਵਾਲੀਆ ਤੇ ਹੋਰ ਪੁਲਸ ਅਧਿਕਾਰੀ।

ਪੁਲਸ ਲਾਈਨ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਐੱਸ. ਪੀ. (ਡੀ) ਮਨੋਜ ਠਾਕੁਰ ਨੇ ਦੱਸਿਆ ਕਿ ਐੱਸ. ਪੀ. ਜਗਜੀਤ ਸਿੰਘ ਵਾਲੀਆ ਨੂੰ ਸੂਚਨਾ ਮਿਲੀ ਸੀ ਕਿ ਉਕਤ ਮੁਲਜ਼ਮ ਬਿਆਸ ਖੇਤਰ 'ਚ ਸਥਿਤ ਕਲਾਨੌਰੀ ਢਾਬੇ ਜੀ. ਟੀ. ਰੋਡ 'ਤੇ ਬੈਠੇ ਹੋਏ ਹਨ, ਜਿਨ੍ਹਾਂ ਕੋਲ ਕਾਫੀ ਮਾਤਰਾ 'ਚ ਹਥਿਆਰ ਤੇ ਗੋਲੀ-ਸਿੱਕਾ ਹੈ ਤੇ ਇਹ ਸਾਰੇ ਅਪਰਾਧਿਕ ਕਿਸਮ ਦੇ ਗੈਂਗਸਟਰ ਹਨ, ਜਿਸ ਤੋਂ ਬਾਅਦ ਤੁਰੰਤ ਦਿਹਾਤੀ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਥਾਣਾ ਬਿਆਸ ਦੇ ਐੱਸ. ਐੱਚ. ਓ. ਬਲਕਾਰ ਸਿੰਘ ਸਮੇਤ ਵੱਡੇ ਪੁਲਸ ਦਲ ਨਾਲ ਉਕਤ ਢਾਬੇ ਨੂੰ ਤੁਰੰਤ ਪੂਰੀ ਤਰ੍ਹਾਂ ਸੀਲ ਕਰ ਲਿਆ ਤੇ ਉਕਤ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ 16 ਮੈਂਬਰੀ ਗਿਰੋਹ 'ਚੋਂ 4 ਗੈਂਗਸਟਰ ਵੀ ਸ਼ਾਮਲ ਹਨ, ਜੋ ਵੱਖ-ਵੱਖ ਇਲਾਕਿਆਂ 'ਚ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਤੋਂ ਇਲਾਵਾ ਹਥਿਆਰਾਂ ਦੇ ਨੋਕ 'ਤੇ ਖਾਲੀ ਪਈ ਕੋਠੀਆਂ 'ਤੇ ਵੀ ਕਬਜ਼ਾ ਕਰਦੇ ਹਨ।

ਜਗ ਬਾਣੀ ਈ-ਪੇਪਰ
Sun,10 April 2022
Edition: amritsar main, Page no. 3